**ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ.) ਬਠਿੰਡਾ**
ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ
ਕਮਰਾ ਨੰ: 447, ਤੀਜੀ ਮੰਜਿਲ, ਮਿਨੀ ਸੱਕਤਰੇਤ ਬਠਿੰਡਾ
ਫੋਨ ਨੰ: 0164-5013680

*******************************************************************************

ਵੱਲ

ਸਮੂਹ ਸਬੰਧਤ ਸਕੂਲ ਮੁੱਖੀ
ਜਿਲਾ ਬਠਿੰਡਾ।

ਪੱਤਰ ਨੰ: ਆਈ.ਸੀ.ਟੀ./2017/2532 ਮਿਤੀ: 19.12.2017

**ਵਿਸ਼ਾ:-ਜਿਲਾ ਪੱਧਰ ਤੇ Online Computer Quiz ਕਰਵਾਉਣ ਸਬੰਧੀ।**

**ਹਵਾਲਾ:- ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ) ਦੇ ਪੱਤਰ ਨੰ: 2/5-ICT-2017/Misc./201713898 ਮਿਤੀ: 13.12.2017 ਅਤੇ ਪੱਤਰ ਨੰ: 2/5-ICT-2017/Misc./201712788 ਮਿਤੀ: 21.11.2017**

1. ਉਪਰੋਕਤ ਹਵਾਲਾ ਅਧੀਨ ਪੱਤਰ ਰਾਹੀਂ ਜਾਰੀ ਹਦਾਇਤਾਂ ਅਨੁਸਾਰ ਰਾਜ ਦੇ ਸਰਕਾਰੀ ਸਕੂਲਾਂ ਵਿੱਚ ਪੜਦੇ **ਦਸਵੀਂ ਕਲਾਸ** ਦੇ ਵਿਦਿਆਰਥੀਆਂ ਦਾ ਆਈ ਸੀ ਟੀ ਅਧੀਨ ਆਨ-ਲਾਈਨ ਕੰਪਿਊਟਰ ਕੁਇਜ਼ ਸਾਫਟਵੇਅਰ ਰਾਂਹੀ ਸਕੂਲ ਪੱਧਰ ਅਤੇ ਬਲਾਕ ਪੱਧਰ ਤੇ ਕਰਵਾਇਆ ਗਿਆ ਹੈ। ਹੁਣ ਇਹ ਮੁਕਾਬਲੇ ਜਿਲਾ ਪੱਧਰ ਤੇ ਕਰਵਾਏ ਜਾਣੇ ਹਨ। ਬਲਾਕ ਪੱਧਰ ਦੀ ਤਰਾਂ ਹੀ ਜਿਲਾ ਪੱਧਰ ਤੇ ਕੰਪਿਊਟਰ ਕੁਇਜ਼ ਲਈ Questionnaire ਮੁੱਖ ਦਫਤਰ ਵੱਲੋਂ ਸਾਫਟਵੇਅਰ ਵਿੱਚ ਆਨ-ਲਾਈਨ ਮੁਹੱਈਆ ਕਰਵਾਇਆ ਜਾਵੇਗਾ। ਜਿਲਾ ਪੱਧਰ ਤੇ ਇਹ ਮੁਕਾਬਲੇ **ਮਿਤੀ 20.12.2017** ਨੂੰ ਕਰਵਾਏ ਜਾਣੇ ਹਨ।

2. ਜਿਲਾ ਪੱਧਰ ਦੇ ਮੁਕਾਬਲਿਆਂ ਵਿੱਚੋਂ ਪਹਿਲੀਆਂ ਤਿੰਨ ਪੁਜੀਸ਼ਨਾਂ ਤੇ ਆਏ ਵਿਦਿਆਰਥੀਆਂ ਨੂੰ ਸਟੇਟ ਪੱਧਰ ਤੇ ਮੁਕਾਬਲਿਆਂ ਲਈ ਚੁਣਿਆ ਜਾਵੇਗਾ।

3. ਜਿਲਾ ਪੱਧਰ ਤੇ ਕੰਪਿਉਟਰ ਕੁਇਜ਼ **ਸ(ਕੰ)ਸਸ ਸਕੂਲ ਮਾਲ ਰੋਡ ਬਠਿੰਡਾ** ਵਿਖੇ ਕਰਵਾਇਆ ਜਾਵੇਗਾ।

| ਲੜੀ ਨੰ | ਜਿਲੇ ਦਾ ਨਾਮ | ਸਕੂਲ ਦਾ ਨਾਮ ਜਿਥੇ ਜਿਲਾ ਪੱਧਰ ਦੇ ਮੁਕਾਬਲੇ ਹੋਣਗੇ | ਮਿਤੀ | ਨੋਡਲ ਅਫਸਰ ਦਾ ਨਾਮ |
|---|---|---|---|---|
| 1. | ਬਠਿੰਡਾ | ਸ(ਕੰ)ਸਸ ਸਕੂਲ ਮਾਲ ਰੋਡ ਬਠਿੰਡਾ | 20.12.2017 ਸਵੇਰੇ 11.00 ਵਜੇ | ਸ਼੍ਰੀਮਤੀ ਸਵੀਨ ਕਿਰਨ |

4. ਜਿਲਾ ਪੱਧਰ ਤੇ ਕੰਪਿਊਟਰ ਕੁਇਜ਼ ਲਈ ਸਾਫਟਵੇਅਰ ਵਿਭਾਗ ਦੀ ਵੈਬਸਾਈਟ ਤੋਂ ਦੋਬਾਰਾ ਡਾਊਨਲੋਡ ਕੀਤਾ ਜਾਣਾ ਹੈ, ਜਿਸ ਦਾ ਲਿੰਕ ਵਿਭਾਗ ਦੀ ਵੈਬਸਾਈਟ ਤੇ Daily circulars ਅੰਦਰ ਦਿੱਤਾ ਗਿਆ ਹੈ।

5. ਜਿਲਾ ਪੱਧਰ ਤੇ ਕੰਪਿਊਟਰ ਕੁਇਜ਼ ਮਿਤੀ 20.12.2017 ਨੂੰ ਸਵੇਰੇ 11.00 ਵਜੇ ਸ਼ੁਰੂ ਕੀਤੇ ਜਾਣਗੇ, ਜਿਸ ਲਈ Questionnaire ਮੁੱਖ ਦਫਤਰ ਵੱਲੋਂ ਸਾਫਟਵੇਅਰ ਵਿੱਚ ਇਟੰਰਨੈਟ ਰਾਹੀਂ 10 ਮਿੰਟ ਪਹਿਲਾਂ ਉਪਲਬਧ ਕਰਵਾਇਆ ਜਾਵੇਗਾ।

6. ਆਨ-ਲਾਈਨ ਕੰਪਿਊਟਰ ਕੁਇਜ਼ ਲਈ ਸਾਫਟਵੇਅਰ ਸਬੰਧੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ:

. ਸ਼੍ਰੀ ਸਲੀਮ ਮੁਹੰਮਦ - 9878260937

. ਸ਼੍ਰੀ ਅਮਰਦੀਪ ਸਿੰਘ - 9781700235

7. ਸਮੂਹ ਸਬੰਧਤ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਦੀਂ ਹੈ ਕਿ ਜਿਨਾ ਸਕੂਲਾਂ ਦੇ ਵਿਦਿਆਰਥੀ ਬਲਾਕ ਪੱਧਰ ਦੇ ਮੁਕਾਬਲਿਆਂ ਵਿੱਚੋਂ ਪਹਿਲੀਆਂ ਦੋ ਪੁਜੀਸ਼ਨਾਂ ਤੇ ਆਏ ਸਨ ਉਹਨਾਂ ਵਿਦਿਆਰਥੀਆਂ ਨੂੰ ਮਿਤੀ 20.12.2017 ਨੂੰ ਜਿਲਾ ਪੱਧਰ ਦੇ ਕੰਪਿਊਟਰ ਕੁਇਜ਼ ਮੁਕਾਬਲੇ ਵਿੱਚ ਭਾਗ ਲੈਣ ਲਈ ਲਜਾਇਆ ਜਾਵੇ ਅਤੇ ਮੁਕਾਬਲੇ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ ।ਇਸ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਦੀ ਨਿਰੋਲ ਜਿਮੇਂਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

19/12/17

**ਜਿਲਾ ਸਿੱਖਿਆ ਅਫਸਰ (ਸੈ.ਸਿ.)**
**ਬਠਿੰਡਾ**

ਉਪਰੋਕਤ ਦਾ ਉਤਾਰਾ ਪ੍ਰਿੰਸੀਪਲ ਸ(ਕੰ)ਸਸ ਸਕੂਲ ਮਾਲ ਰੋਡ ਬਠਿੰਡਾ ਨੂੰ ਭੇਜ ਕੇ ਲਿਖਿਆ ਜਾਦਾਂ ਹੈ ਕਿ ਉਕਤ ਜਿਲਾ ਪੱਧਰ ਦੇ ਕੁਇਜ ਸਬੰਧੀ ਢੁਕਵੇਂ ਪ੍ਰਬੰਧ ਕਰ ਲਏ ਜਾਣ ਅਤੇ ਕੰਪਿਊਟਰ ਅਤੇ ਇੰਟਰਨੈਟ ਨੂੰ ਚਾਲੂ ਹਾਲਤ ਵਿੱਚ ਰੱਖਣਾ ਯਕੀਨੀ ਬਣਾਇਆ ਜਾਵੇ ਅਤੇ ਉਪਰੋਕਤ ਹਵਾਲਾ ਪੱਤਰਾਂ ਅਨੁਸਾਰ ਕਾਰਵਾਈ ਕੀਤੀ ਜਾਵੇ।

19/12/17

**ਜਿਲਾ ਸਿੱਖਿਆ ਅਫਸਰ (ਸੈ.ਸਿ.)**
**ਬਠਿੰਡਾ**

## ਜਿਲ੍ਹਾ ਪੱਧਰ ਦੀਆਂ ਹਦਾਇਤਾਂ

1. District Level Quiz Master ਸਾਫਟਵੇਅਰ ਦੀ ਵਰਕਿੰਗ ਬਿਲਕੁਲ Block Level Quiz Master ਸਾਫਟਵੇਅਰ ਦੀ ਤਰ੍ਹਾਂ ਹੀ ਹੈ।
2. ਜ਼ਿਲ੍ਹਾ ਪੱਧਰ ਦੇ ਟੈਸਟ ਵਿੱਚ ਵਿਦਿਆਰਥੀਆਂ ਲਈ 15 ਮਿੰਟਾਂ ਵਿੱਚ 30 ਬਹੁ-ਪਸੰਦੀ ਪ੍ਰਸ਼ਨ (MCQ's) ਅਤੇ ਵੱਖਰੇ 10 ਮਿੰਟ ਪੰਜਾਬੀ ਟਾਇਪਿੰਗ (ਅਨਮੋਲ ਲਿਪੀ) ਲਈ ਦਿੱਤੇ ਜਾਣਗੇ ਜੋ ਕਿ ਸਾਫਟਵੇਅਰ ਵਿੱਚ ਹੀ ਹੋਵੇਗੀ।
3. District Level Quiz Master ਸਾਫਟਵੇਅਰ SSA ਵੈਬਸਾਈਟ ਤੋਂ ਡਾਊਨਲੋਡ ਕਰਕੇ ਪਹਿਲਾਂ ਦੀ ਤਰ੍ਹਾਂ ਹੀ D ਡਰਾਈਵ ਵਿੱਚ ਇਸਨਟਾਲ ਕਰ ਲਿਆ ਜਾਵੇ।
4. ਮਿਤੀ 20/12/17 ਨੂੰ ਸਵੇਰੇ ਟੈਸਟ ਲੈਣ ਤੋਂ ਪਹਿਲਾਂ ਕੁਇਜ਼ ਸਾਫਟਵੇਅਰ ਦੇ "Check Question" ਬਟਨ ਦੁਆਰਾ ਪ੍ਰਸਨਾਵਲੀ ਉਪਲੱਬਧ ਹੈ ਜਾਂ ਨਹੀਂ ਚੈੱਕ ਕੀਤੀ ਜਾਵੇ ਅਤੇ ਡਾਊਨਲੋਡ ਕੀਤੀ ਜਾਵੇ।
5. ਸਵੇਰੇ 10.50 ਤੇ ਪ੍ਰਸ਼ਨਾਵਲੀ ਉਪਲੱਬਧ ਹੋ ਜਾਵੇਗੀ।
6. ਸਾਰੇ ਵਿਦਿਆਰਥੀਆਂ ਦਾ ਟੈਸਟ ਲੈਣ ਉਪਰੰਤ "Upload Result " ਬਟਨ ਤੇ ਕਲਿੱਕ ਕੀਤਾ ਜਾਵੇ।
7. ਮਿਤੀ 20/12/17 ਨੂੰ ਫਾਈਨਲ ਰਜ਼ਿਲਟ ਅਪਲੋਡ ਕਰਦੇ ਸਮੇਂ ਸਾਫਟਵੇਅਰ ਇੱਕ ਪਾਸਵਰਡ ਪੁੱਛੇਗਾ ਜੋ ਕਿ ਹੇਠਾਂ ਦਿਤੇ Contact Number ਤੇ ਸੰਪਰਕ ਕਰਕੇ ਲਿਆ ਜਾਵੇ:

   ਸਲੀਮ ਮੁਹੰਮਦ 9878260937 ਅਮਰਦੀਪ ਸਿੰਘ 9781700235

ਨੋਟ:

1. ਈ-ਲੈਬ ਦੇ ਇੱਕ ਹੀ ਸੀ.ਪੀ.ਯੂ.(ਸਰਵਰ) ਉੱਪਰ ਇਹ ਸਾਫਟਵੇਅਰ ਇੰਸਟਾੱਲ ਕੀਤਾ ਜਾਵੇ ਜਿਸ ਉੱਪਰ ਇੰਟਰਨੈੱਟ ਚਾਲੂ ਹਾਲਤ ਵਿੱਚ ਹੋਵੇ।
2. ਪ੍ਰਸ਼ਨਾਵਲੀ ਡਾਊਨਲੋਡ ਅਤੇ ਰਿਜ਼ਲਟ ਅਪਲੋਡ ਕਰਨ ਵੇਲੇ ਇੰਟਰਨੈੱਟ ਚਾਲੂ ਹਾਲਤ ਵਿੱਚ ਹੋਵੇ।
3. ਧਿਆਨ ਦੇਣ ਯੋਗ ਗੱਲ ਹੈ ਕਿ ਅਪਲੋਡ ਬਟਨ ਤੇ ਇੱਕੋ ਵਾਰੀ ਹੀ ਕਲਿੱਕ ਕੀਤਾ ਜਾ ਸਕਦਾ ਹੈ। ਇਸ ਲਈ ਹਦਾਇਤ ਕੀਤੀ ਜਾਂਦੀ ਹੈ ਸਾਰੇ ਵਿਦਿਆਰਥੀਆਂ ਦਾ ਟੈਸਟ ਲੈਣ ਉਪਰੰਤ ਹੀ ਅਪਲੋਡ ਬਟਨ ਤੇ ਕਲਿੱਕ ਕੀਤਾ ਜਾਵੇਗਾ।